## ਦਫਤਰ ਜਿਲ੍ਹਾ ਮੈਜਿਸਟਰੇਟ, ਰੂਪਨਗਰ।

(ਫੁਟਕਲ ਸ਼ਾਖਾ)

**ਹੁਕਮ:**

ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਲੋ:ਨਿ :ਵਿ: ਭ ਤੇ ਮ ਸ਼ਾਖਾ ਐਸ.ਏ.ਐਸ.ਨਗਰ ਨੇ ਆਪਣੇ ਦਫਤਰ ਦੇ ਪੱਤਰ ਨੰ:3240 ਮਿਤੀ 10-08-2018 ਰਾਹੀਂ ਮੇਰੇ ਧਿਆਨ ਵਿੱਚ ਲਿਆਂਦਾ ਹੈ ਕਿ ਓਲਡ ਮੋਰਿੰਡਾ-ਰੋਪੜ ਰੋਡ ਉਤੇ ਦਿਨ ਰਾਤ ਓਵਰ ਲੋਡਿਡ ਭਾਰੀ ਵਾਹਨਾਂ ਜਿਵੇਂ ਕਿ ਟਰੱਕ, ਟਿੱਪਰਾਂ ਅਤੇ ਟ੍ਰੇਲਰ ਆਦਿ ਲੰਘਦੇ ਹਨ, ਜਿਨ੍ਹਾਂ ਵਿਚ ਕੰਸਟ੍ਰਕਸ਼ਨ ਮਟੀਰੀਅਲ( ਰੇਤਾ, ਪੱਥਰ, ਸੀਕਿੰਗ, ਫਲਾਈਐਸ਼ ਆਦਿ) ਟਰਾਂਸਪੋਰਟ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਰੋਪੜ ਤੋਂ ਦੋ ਮੁੱਖ ਸੜਕਾਂ, ਰੋਪੜ-ਸ੍ਰੀ ਚਮਕੌਰ ਸਾਹਿਬ-ਨੀਲੋਂ ਦੁਰਾਹਾ(ਓਡੀਆਰ 15) ਅਤੇ ਰੋਪੜ-ਕੁਰਾਲੀ-ਚੰਡੀਗੜ੍ਹ(ਨੈਸ਼ਨਲ ਹਾਈਵੇ) ਨਿਕਲਦੀਆਂ ਹਨ। ਜਿਨ੍ਹਾਂ ਉੱਤੇ ਕ੍ਰਮਵਾਰ ਪਿੰਡ ਝੱਲੀਆਂ ਕੱਲਾਂ ਅਤੇ ਪਿੰਡ ਸੋਲਖੀਆਂ ਨੇੜੇ ਟੋਲ ਬੈਰੀਅਰ ਲੱਗੇ ਹੋਏ ਹਨ।ਇਨ੍ਹਾਂ ਬੈਰੀਅਰ ਤੋਂ ਟੋਲ ਟੈਕਸ ਬਚਾਉਣ ਲਈ ਭਾਰੀ ਓਵਰਲੋਡਿਡ ਵਾਹਨਾਂ ਜਿਨ੍ਹਾਂ ਦੀ ਮਿਕਦਾਰ ਬਹੁਤ ਜਿਆਦਾ ਹੈ, ਓਲਡ ਮੋਰਿੰਡਾ-ਰੋਪੜ ਸੜਕ ਤੋਂ ਗੁਜਰੀਆਂ ਹਨ, ਜਿਸ ਕਾਰਨ ਭਾਰੀ ਟ੍ਰੈਫਿਕ ਗੁਜਰਨ ਕਾਰਨ ਇਹ ਸੜਕ ਬਾਰ ਬਾਰ ਟੁੱਟ ਰਹੀਂ ਹੈ ਅਤੇ ਸੜਕ ਟੁੱਟਣ ਕਾਰਨ ਹਾਦਸੇ ਵਾਪਰ ਰਹੇ ਸਨ ਅਤੇ ਰੋਜਾਨਾ ਇਲੈਕਟ੍ਰਾਨਿਕ ਮੀਡਿਆ, ਅਖਬਾਰਾਂ ਵਿੱਚ ਖਬਰਾਂ ਲੱਗ ਰਹੀਆਂ ਸਨ, ਇਸ ਤੋਂ ਇਲਾਵਾ ਲੋਕਾਂ ਵੱਲੋਂ ਸੜਕ ਦੀ ਮਾੜੀ ਹਾਲਤ ਕਾਰਨ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।ਇਸ ਤੋਂ ਇਲਾਵਾ ਇਸ ਸੜਕ ਤੇ ਸਥਿਤ ਸਿਸਵਾਂ ਨਦੀ ਪੁੱਲ, ਬੁੱਧਕੀ ਨਦੀ ਪੁੱਲ ਅਤੇ ਐਸ.ਵਾਈ.ਐਲ ਤੇ ਪੁੱਲ ਬਣੇ ਹੋਏ ਹਨ, ਪ੍ਰੰਤੂ ਦਿਨ-ਬ -ਦਿਨ ਵਧ ਰਹੇ ਓਵਰ ਲੋਡਿਡ ਕਮਰਸ਼ੀਅਲ ਵਹੀਕਲਾਂ ਦੇ ਲੋਡ ਕਾਰਨ ਇਹ ਪੁੱਲ ਅਣਸੇਫ ਹੋ ਸਕਦੇ ਹਨ। ਕਿਉਂਕਿ ਇਸ ਤੋਂ ਪਹਿਲਾਂ ਬੀ.ਐਮ.ਐਲ ਕਨਾਲ (ਭਾਖੜਾ ਮੇਨ ਲਾਈਨ) ਵਾਲਾ ਪੁੱਲ ਅਣਸੇਫ ਹੋਣ ਕਾਰਨ ਅਪ੍ਰੈਲ 2017 ਵਿਚ ਮੁੜ ਬਣਾਇਆ ਗਿਆ ਹੈ।ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੁਧਕੀ ਨਦੀ ਪੁੱਲ ਭਾਰੀ ਵਾਹਨਾਂ ਲਈ ਬੰਦ ਕੀਤਾ ਜਾਵੇ। ਇਸ ਲਈ ਲੋਕ ਹਿੱਤ ਵਿੱਚ ਉਕਤ ਪੁੱਲ ਤੇ ਓਵਰਲੋਡਿਡ ਭਾਰੀ ਵਾਹਨਾਂ ਦੀ ਆਵਾਜਾਈ ਨੂੰ ਪੱਕੇ ਤੌਰ ਤੇ ਬੰਦ ਕਰਨ ਦੀ ਜਰੂਰਤ ਹੈ।

ਇਸ ਲਈ ਮੈਂ ਸੁਮੀਤ ਜਾਰੰਗਲ, ਆਈ.ਏ.ਐਸ. ਜਿਲ੍ਹਾ ਮੈਜਿਸਟਰੇਟ, ਰੂਪਨਗਰ ਜਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਓਲਡ ਮੋਰਿੰਡਾ-ਰੋਪੜ ਸੜਕ ODR-8 (ਬੁੱਧਕੀ ਨਦੀ ਪੁੱਲ) ਉੱਤੇ ਓਵਰਲੋਡਿਡ ਭਾਰੀ ਵਾਹਨਾ ਦੀ ਆਵਾਜਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦਾ ਹਾਂ।

ਇਹ ਹੁਕਮ ਮਿਤੀ 22-10-2018 ਤੋਂ 21-12-2018 ਤੱਕ ਲਾਗੂ ਰਹੇਗਾ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਜਨਤਾ ਦੇ ਨਾਮ ਤੇ ਜਾਰੀ ਕੀਤਾ ਜਾਂਦਾ ਹੈ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ ਦੀ ਪ੍ਰਚਾਰ ਵੈਨ ਅਤੇ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ।ਇਸ ਰਸਤੇ ਤੇ ਆਵਾਜਾਈ ਲਈ ਬਦਲਵੇਂ ਪ੍ਰਬੰਧ ਕਰਨ ਦੀ ਜਿੰਮੇਵਾਰੀ ਪੀ ਡਬਲਿਊ ਡੀ ਮਹਿਕਮੇ ਦੀ ਹੋਵੇਗੀ ਅਤੇ ਸੀਨੀਅਰ ਪੁਲਿਸ ਕਪਤਾਨ, ਰੂਪਨਗਰ ਵੱਲੋ ਮਹਿਕਮੇ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਹੁਕਮ ਦੀਆਂ ਨਕਲਾਂ ਸੀਨੀਅਰ ਪੁਲਿਸ ਕਪਤਾਨ/ਉਪ ਮੰਡਲ ਮੈਜਿਸਟਰੇਟਸ/ਤਹਿਸੀਲਦਾਰਾਂ/ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਲੋ:ਨਿ: ਵਿ ਭ ਤੇ ਮ, ਸ਼ਾਖਾ, ਸਾਹਿਬਜਾਦਾ ਅਜੀਤ ਸਿੰਘ ਨਗਰ/ਰੂਪਨਗਰ , ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ/ਕਾਰਜ ਸਾਧਕ ਅਫਸਰ, ਨਗਰ ਕੌਂਸ਼ਲਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਅਧੀਨ ਅੱਜ ਮਿਤੀ 26-10-2018 ਨੂੰ ਜਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ, ਸਤਯਮੇਵ ਜਯਤੇ

ਸਹੀ/-
ਜਿਲ੍ਹਾ ਮੈਜਿਸਟਰੇਟ,
ਰੂਪਨਗਰ।